*ਛੂਤ ਦੇ ਰੋਗ ਦੀ ਤੱਥਸ਼ੀਟ*

# ਹੈਪਾਟਾਈਟਿਸ ਏ

***ਹੈਪਾਟਾਈਟਿਸ ਏ (ਜਿਗਰ ਦੀ ਸੋਜ) ਜਿਗਰ 'ਚ ਹੋਣ ਵਾਲ਼ੀ ਇੱਕ ਵਾਇਰਲ ਛੂਤ ਹੈ। ਇਹ ਵਾਇਰਸ ਦੂਸ਼ਿਤ ਭੋਜਨ ਜਾਂ ਪਾਣੀ ਜਾਂ ਛੂਤ ਤੋਂ ਗ੍ਰਸਤ ਵਿਅਕਤੀ ਨਾਲ਼ ਸਿੱਧੇ ਸੰਪਰਕ ਅਤੇ ਮਲ- ਮੂਤਰ ਦੇ ਮੂੰਹ ਦੇ ਸੰਪਰਕ 'ਚ ਆਉਣ ਦੁਆਰਾ ਫੈਲਦਾ ਹੈ। ਟੀਕਾਕਰਣ ਅਤੇ ਵਧੀਆ ਤਰੀਕੇ ਨਾਲ਼ ਸਾਫ਼-ਸਫ਼ਾਈ ਰੱਖਣ ਦੁਆਰਾ ਇਸ ਤੋਂ ਰੋਕਥਾਮ ਹੋ ਜਾਂਦੀ ਹੈ।***

## ਹੈਪਾਟਾਈਟਿਸ ਏ ਕੀ ਹੈ?

'ਹੈਪਾਟਾਈਟਿਸ' ਦਾ ਅਰਥ ਹੈ ਸੋਜ਼ਸ਼ ਜਾਂ ਜਿਗਰ ਦੀ ਸੋਜ। ਇਹ ਰਸਾਇਣਾਂ ਜਾਂ ਨਸ਼ੀਲੇ ਪਦਾਰਥਾਂ, ਜਾਂ ਵਾਇਰਲ ਦੀਆਂ ਵਿਭਿੰਨ ਕਿਸਮ ਦੀਆਂ ਛੂਤਾਂ ਨਾਲ਼ ਹੋ ਸਕਦੀ ਹੈ। ਛੂਤ ਨਾਲ਼ ਹੋਣ ਵਾਲੀ ਜਿਗਰ ਦੀ ਇਸ ਸੋਜ ਦਾ ਆਮ ਕਾਰਣ ਹੈਪਾਟਾਈਟਿਸ ਏ ਵਾਇਰਸ ਹੁੰਦਾ ਹੈ। ਇੱਕ ਕਿਸਮ ਦੇ ਹੈਪਾਟਾਈਟਿਸ ਵਾਇਰਸ ਦੀ ਛੂਤ ਹੋਰਨਾਂ ਹੈਪਾਟਾਈਟਿਸ ਵਾਇਰਸਾਂ ਤੋਂ ਸੁਰੱਖਿਆ ਪ੍ਰਦਾਨ ਨਹੀ ਕਰਦੀ।

## ਇਸ ਦੇ ਲੱਛਣ ਕੀ ਹਨ?

ਇਸ ਦੇ ਲੱਛਣਾਂ ਵਿੱਚ ਢਿੱਲਾ ਜਿਹਾ ਮਹਿਸੂਸ ਕਰਨਾ, ਦਰਦਾਂ ਹੋਣੀਆਂ, ਬੁਖ਼ਾਰ, ਜੀਅ ਮਿਤਲਾਉਣਾ, ਭੁੱਖ ਨਾ ਲੱਗਣੀ, ਢਿੱਡ ਵਿੱਚ ਬੇਚੈਨੀ ਜਿਹੀ ਹੋਣੀ, ਪਿਸ਼ਾਬ ਦਾ ਰੰਗ ਗੂੜ੍ਹਾ ਹੋਣਾ, ਟੱਟੀ ਦਾ ਰੰਗ ਹਲਕਾ ਜਿਹਾ ਜਾਂ ਪੀਲਾ ਅਤੇ ਪੀਲੀਆ (ਅੱਖਾਂ ਦੇ ਡੇਲਿਆਂ ਅਤੇ ਚਮੜੀ ਦਾ ਰੰਗ ਪੀਲਾ ਪੈਣਾ)। ਬਿਮਾਰੀ ਇੱਕ ਤੋਂ ਤਿੰਨ ਹਫ਼ਤਿਆਂ ਤੱਕ ਚਲਦੀ ਹੈ (ਭਾਵੇਂ ਕੁੱਝ ਲੱਛਣ ਲੰਬਾ ਸਮਾਂ ਵੀ ਚੱਲ ਸਕਦੇ ਹਨ) ਅਤੇ ਉਸ ਤੋਂ ਬਾਅਦ ਰੋਗੀ ਹਮੇਸ਼ਾ ਮੁਕੰਮਲ ਤੌਰ 'ਤੇ ਠੀਕ ਹੋ ਜਾਂਦਾ ਹੈ। ਛੋਟੇ ਬੱਚੇ, ਜਿਹੜੇ ਇਸ ਛੂਤ ਤੋਂ ਗ੍ਰਸਤ ਹੋ ਜਾਂਦੇ ਹਨ, ਉਨ੍ਹਾਂ ਵਿੱਚ ਆਮ ਤੌਰ ਉਤੇ ਕੋਈ ਲੱਛਣ ਪ੍ਰਗਟ ਨਹੀਂ ਹੁੰਦੇ। ਹੈਪਾਟਾਈਟਿਸ ਏ ਨਾਲ ਜਿਗਰ ਦੀ ਕੋਈ ਲੰਬੀ ਮਿਆਦ ਦਾ ਰੋਗ ਨਹੀਂ ਹੁੰਦਾ ਅਤੇ ਹੈਪਾਟਾਈਟਿਸ ਏ ਰਾਹੀਂ ਮੌਤ ਹੋਣ ਦੀ ਸੰਭਾਵਨਾ ਬਹੁਤ ਹੀ ਘੱਟ ਹੁੰਦੀ ਹੈ। ਇਸ ਵਾਇਰਸ ਦੇ ਸੰਪਰਕ 'ਚ ਆਉਣ ਤੋਂ ਲੈ ਕੇ ਲੱਛਣਾਂ ਦੇ ਵਿਕਸਤ ਹੋਣ ਤੱਕ ਆਮ ਤੌਰ ਉਤੇ ਚਾਰ ਹਫ਼ਤੇ ਲੱਗ ਜਾਂਦੇ ਹਨ, ਪਰ ਇਹ ਦੋ ਤੋਂ ਸੱਤ ਹਫ਼ਤੇ ਤੱਕ ਚੱਲ ਸਕਦੀ ਹੈ।

## ਇਹ ਕਿਵੇਂ ਫੈਲਦਾ ਹੈ?

ਛੂਤਗ੍ਰਸਤ ਲੋਕ ਇਸ ਵਾਇਰਸ ਨੂੰ ਇਸ ਦੇ ਲੱਛਣ ਦੇ ਵਿਕਸਤ ਹੋਣ ਤੋਂ ਦੋ ਹਫ਼ਤੇ ਪਹਿਲਾਂ ਤੋਂ ਲੈ ਕੇ ਪੀਲੀਆ ਉਜਾਗਰ ਹੋਣ ਦੇ ਇੱਕ ਹਫ਼ਤੇ ਮਗਰੋਂ ਤੱਕ (ਕੁੱਲ ਮਿਲਾ ਕੇ ਤਕਰੀਬਨ ਤਿੰਨ ਹਫ਼ਤੇ) ਹੋਰਨਾਂ ਲੋਕਾਂ ਨੂੰ ਵੀ ਲਾ ਸਕਦੇ ਹਨ। ਇਸ ਵਾਇਰਸ ਦੀਆਂ ਵੱਡੀਆਂ ਮਾਤਰਾਵਾਂ ਕਿਸੇ ਛੂਤਗ੍ਰਸਤ ਵਿਅਕਤੀ ਦੇ ਮਲ (ਟੱਟੀ) ਵਿੱਚ ਪਾਈਆਂ ਜਾਂਦੀਆਂ ਹਨ। ਸਹੀ ਹਾਲਾਤ ਵਿੱਚ (ਉਦਾਹਰਣ ਵਜੋਂ, ਗੰਦ-ਮੰਦ (ਸੁਵੇਜ) ਵਿੱਚ ਇਹ ਵਾਇਰਸ ਕਈ ਹਫ਼ਤਿਆਂ ਤੱਕ ਜਿਉਂਦਾ ਰਹਿ ਸਕਦਾ ਹੈ।

ਹੈਪਾਟਾਈਟਿਸ ਏ ਆਮ ਤੌਰ 'ਤੇ ਉਦੋਂ ਦੂਜੇ ਵਿਅਕਤੀ ਨੂੰ ਲਾਗ ਦੇ ਤੌਰ ਉਤੇ ਲਗਦਾ ਹੈ ਜਦੋਂ ਇੱਕ ਛੂਤਗ੍ਰਸਤ ਵਿਅਕਤੀ ਦਾ ਵਾਇਰਸ ਕਿਸੇ ਹੋਰ ਵਿਅਕਤੀ ਵੱਲੋਂ ਇਸ ਤਰੀਕੇ ਨਾਲ ਨਿਗਲ ਲਿਆ ਜਾਂਦਾ ਹੈ:

- ਦੂਸ਼ਿਤ ਭੋਜਨ ਖਾ ਕੇ
- ਦੂਸ਼ਿਤ ਪਾਣੀ ਪੀ ਕੇ
- ਕਿਸੇ ਛੂਤਗ੍ਰਸਤ ਵਿਅਕਤੀ ਦੇ ਮਲ ਨਾਲ ਲਿੱਬੜੇ ਨੈਪਕਿਨਜ਼, ਲਿਨਨ ਅਤੇ ਤੌਲੀਏ ਦੇ ਸੰਪਰਕ ਵਿੱਚ ਆਉਣਾ
- ਕਿਸੇ ਛੂਤਗ੍ਰਸਤ ਵਿਅਕਤੀ ਦੇ ਸਿੱਧੇ ਸੰਪਰਕ (ਜਿਨਸੀ ਸਬੰਧਾਂ ਸਮੇਤ) ਵਿੱਚ ਆਉਣਾ

### ਹੈਪਾਟਾਈਟਿਸ ਏ ਦੇ ਵੱਡੇ ਪੱਧਰ ਉਤੇ ਫੈਲਣ ਦੇ ਕਾਰਣ ਆਮ ਤੌਰ 'ਤੇ ਇਹ ਪਾਏ ਗਏ ਹਨ:

- ਵਿਅਕਤੀ ਤੋਂ ਵਿਅਕਤੀ ਤਾਈਂ ਫੈਲਣਾ, ਉਨ੍ਹਾਂ ਆਦਮੀਆਂ ਸਮੇਤ ਜਿਹੜੇ ਆਦਮੀਆਂ ਨਾਲ ਜਿਨਸੀ ਸੰਭੋਗ ਕਰਦੇ ਹਨ
- ਸੀਵੇਜ ਰਾਹੀਂ ਦੂਸ਼ਿਤ ਹੋਇਆ ਪੀਣ ਵਾਲਾ ਪਾਣੀ ਪੀ ਕੇ
- ਸੀਵੇਜ ਜਿਵੇਂ ਕਿ ਸ਼ੈਲਫ਼ਿਸ਼ ਰਾਹੀਂ ਦੂਸ਼ਿਤ ਹੋਇਆ ਭੋਜਨ ਖਾ ਕੇ
- ਛੂਤ ਤੋਂ ਗ੍ਰਸਤ ਵਿਅਕਤੀ ਦੁਆਰਾ ਹੱਥ ਲੱਗਿਆ ਭੋਜਨ ਖਾ ਕੇ

ਹੈਪਾਟਾਈਟਿਸ ਏ ਦੀ ਛੂਤ ਉਨ੍ਹਾਂ ਵਿਅਕਤੀਆਂ ਲਈ ਲਗਾਤਾਰ ਇੱਕ ਸਮੱਸਿਆ ਬਣੀ ਰਹਿੰਦੀ, ਜਿਹੜੇ ਦੂਜੇ ਦੇਸ਼ਾਂ ਵਿੱਚ ਸਫ਼ਰ ਕਰਦੇ ਰਹਿੰਦੇ ਹਨ, ਖ਼ਾਸ ਤੌਰ ਉਤੇ ਅਜਿਹੇ ਵਿਅਕਤੀ ਜਿਹੜੇ ਉਨ੍ਹਾਂ ਵਿਕਾਸਸ਼ੀਲ ਦੇਸ਼ਾਂ 'ਚ ਜਾਂਦੇ ਰਹਿੰਦੇ ਹਨ, ਜਿੱਥੇ ਹੈਪਾਟਾਈਟਿਸ ਏ ਆਮ ਪਾਇਆ ਜਾਂਦਾ ਹੈ।

## ਜੋਖਮ ਜਾਂ ਖ਼ਤਰੇ ਵਿੱਚ ਕੌਣ ਹੈ?

ਜਿਹੜੇ ਵਿਅਕਤੀਆਂ ਨੂੰ ਹੈਪਾਟਾਈਟਿਸ ਏ ਨਹੀਂ ਹੋਇਆ ਅਤੇ ਜਿਨ੍ਹਾਂ ਦਾ ਇਸ ਦੀ ਰੋਕਥਾਮ ਲਈ ਟੀਕਾਕਰਣ ਨਹੀਂ ਹੋਇਆ, ਉਹੀ ਇਸ ਰੋਗ ਤੋਂ ਗ੍ਰਸਤ ਹੋਣ ਦੇ ਖ਼ਤਰੇ ਵਿੱਚ ਰਹਿੰਦੇ ਹਨ।

## ਇਸ ਦੀ ਰੋਕਥਾਮ ਕਿਵੇਂ ਹੁੰਦੀ ਹੈ?

### ਟੀਕਾਕਰਣ

ਹੈਪਾਟਾਈਟਿਸ ਏ ਦਾ ਇੱਕ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਵੈਕਸੀਨ ਉਪਲਬਧ ਹੈ। ਇਹ ਵੈਕਸੀਨ ਸੁਰੱਖਿਆ ਪ੍ਰਦਾਨ ਕਰਨ ਵਿੱਚ ਦੋ ਹਫ਼ਤਿਆਂ ਤੱਕ ਦਾ ਸਮਾਂ ਲੈ ਸਕਦਾ ਹੈ।

ਇਸ ਟੀਕਾਕਰਣ ਦੀ ਸਿਫ਼ਾਰਸ਼ ਵਿਅਕਤੀਆਂ ਦੇ ਨਿਮਨਲਿਖਤ ਉਚ ਜੋਖਮ ਸਮੂਹਾਂ ਲਈ ਕੀਤੀ ਜਾਂਦੀ ਹੈ:

- ਉਨ੍ਹਾਂ ਦੇਸ਼ਾਂ 'ਚ ਜਾਣ ਵਾਲੇ ਮੁਸਾਫ਼ਰ, ਜਿੱਥੇ ਹੈਪਾਟਾਈਟਿਸ ਏ ਆਮ ਪਾਇਆ ਜਾਂਦਾ ਹੈ (ਵਧੇਰੇ ਵਿਕਾਸਸ਼ੀਲ ਦੇਸ਼)
- ਦੇਹਾਤੀ ਅਤੇ ਦੂਰ-ਦੁਰਾਡੇ ਦੇ ਭਾਈਚਾਰਿਆਂ ਵਿੱਚ ਆਉਣ ਜਾਣ ਵਾਲੇ ਵਿਅਕਤੀ
- ਉਹ ਮਰਦ ਜਿਹੜੇ ਮਰਦਾਂ ਨਾਲ ਸੰਭੋਗ ਕਰਦੇ ਹਨ
- ਬੱਚਿਆਂ ਦੀ ਸਾਂਭ-ਸੰਭਾਲ ਕਰਨ ਵਾਲੇ ਕੇਂਦਰਾਂ (day-care) ਅਤੇ ਪ੍ਰੀ-ਸਕੂਲ ਦੇ ਕਰਮਚਾਰੀ
- ਮਾਨਸਿਕ ਤੌਰ ਉਤੇ ਅਯੋਗ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰਨ ਵਾਲੇ
- ਕੁੱਝ ਸਿਹਤ-ਸੰਭਾਲ ਕਾਮੇ ਜਿਹੜੇ ਦੇਸੀ ਭਾਈਚਾਰਿਆਂ ਵਿੱਚ ਜਾਂ ਉਨ੍ਹਾਂ ਨਾਲ ਕੰਮ ਕਰਦੇ ਹਨ
- ਸੀਵਰੇਜ ਕਰਮਚਾਰੀ
- ਨਲਸਾਜ਼ ਜਾਂ ਟੂਟੀਆਂ ਠਕਿ ਕਰਨ ਵਾਲੇ (plumbers)
- ਨਸ਼ਿਆਂ ਦੇ ਟੀਕੇ ਲਾਉਣ ਵਾਲੇ
- ਜਿਗਰ ਦੇ ਪੁਰਾਣੇ ਰੋਗੀ
- ਉਹ ਵਿਅਕਤੀ ਜਿਨ੍ਹਾਂ ਨੂੰ ਖ਼ੂਨ ਵਗਣ ਦੀ ਬਿਮਾਰੀ ਜਾਂ ਹੀਮੋਫ਼ੀਲੀਆ ਹੈ ਤੇ ਜਿਹੜੇ ਪੂਲਡ ਪਲਾਜ਼ਮਾ ਕਨਸੈਂਟਰੇਟਸ (pooled plasma concentrates) ਪ੍ਰਾਪਤ ਕਰ ਸਕਦੇ ਹਨ

### ਹੈਪਾਟਾਈਟਿਸ ਏ ਤੋਂ ਬਚਾਅ ਲਈ ਹੋਰ ਕੀ ਕੀਤਾ ਜਾ ਸਕਦਾ ਹੈ?

ਹਰੇਕ ਨੂੰ ਹਮੇਸ਼ਾ ਆਪਣੇ ਹੱਥ ਚੰਗੀ ਤਰ੍ਹਾਂ ਸਾਬਣ ਨਾਲ਼ ਚਲਦੇ ਪਾਣੀ ਵਿੱਚ ਘੱਟੋ ਘੱਟ 10 ਸੈਕੰਡ ਲਈ ਧੋਣੇ ਚਾਹੀਦੇ ਹਨ ਅਤੇ ਉਨ੍ਹਾਂ ਨੂੰ ਸਾਫ਼ ਤੌਲੀਏ ਨਾਲ ਸੁਕਾਉਣਾ ਚਾਹੀਦਾ ਹੈ:

- ਪਖਾਨੇ ਜਾਣ ਮਗਰੋਂ

- ਖਾਣ ਤੋਂ ਪਹਿਲਾਂ
- ਭੋਜਨ ਜਾਂ ਜਲ ਪਾਨ ਤਿਆਰ ਕਰਨ ਤੋਂ ਪਹਿਲਾਂ
- ਨੈਪਕਿਨ ਜਾਂ ਕੰਡੋਮ ਵਰਗੀਆਂ ਵਸਤਾਂ ਨੂੰ ਹੱਥ ਲਾਉਣ ਮਗਰੋਂ।

### ਹੋਰਨਾਂ ਤੱਕ ਛੂਤ ਪਹੁੰਚਣ ਤੋਂ ਬਚਾਅ ਲਈ ਕੀ ਕੀਤਾ ਜਾ ਸਕਦਾ ਹੈ?

ਜੇ ਤੁਹਾਨੂੰ ਹੈਪਾਟਾਈਟਿਸ ਏ ਹੈ, ਤਾਂ ਤੁਹਾਨੂੰ ਆਪਣੇ ਹੱਥਾਂ ਨੂੰ ਚੰਗੀ ਤਰ੍ਹਾਂ ਧੋਣ ਦੇ ਨਾਲ ਨਾਲ, ਤੁਹਾਨੂੰ ਛੂਤ ਤੋਂ ਗ੍ਰਸਤ ਰਹਿਣ ਦੇ ਸਮੇਂ ਦੌਰਾਨ ਹੇਠਾਂ ਲਿਖੀਆਂ ਗਤੀਵਿਧੀਆਂ ਤੋਂ ਬਚਣਾ ਚਾਹੀਦਾ ਹੈ (ਭਾਵ, ਪੀਲੀਏ ਦਾ ਹਮਲਾ ਹੋਣ ਦੇ ਘੱਟੋ ਘੱਟ ਇੱਕ ਹਫ਼ਤੇ ਮਗਰੋਂ ਤੱਕ):

- ਦੂਜੇ ਲੋਕਾਂ ਲਈ ਖਾਣਾ ਜਾਂ ਜਲ ਪਾਨ ਤਿਆਰ ਨਾ ਕਰੋ
- ਹੋਰਨਾਂ ਲੋਕਾਂ ਨਾਲ ਖਾਣ ਜਾਂ ਪੀਣ ਵਾਲੇ ਬਰਤਨ ਸਾਂਝੇ ਨਾ ਕਰੋ
- ਹੋਰਨਾਂ ਲੋਕਾਂ ਨਾਲ ਕੱਪੜੇ-ਚਾਦਰਾਂ ਅਤੇ ਤੌਲੀਏ ਸਾਂਝੇ ਨਾ ਕਰੋ
- ਸੰਭੋਗ ਤੋਂ ਦੂਰ ਰਹੋ
- ਖਾਣ ਵਾਲੇ ਬਰਤਨ ਸਾਬਣ ਵਾਲੇ ਪਾਣੀ ਵਿੱਚ ਧੋਵੋ, ਅਤੇ ਕੱਪੜੇ-ਚਾਦਰਾਂ ਅਤੇ ਤੌਲੀਏ ਮਸ਼ੀਨ ਨਾਲ ਧੋਵੋ।

### ਹੈਪਾਟਾਈਟਿਸ ਏ ਤੋਂ ਪੀੜਤ ਨਿਮਨਲਿਖਤ ਵਿਅਕਤੀਆਂ ਨੂੰ ਛੂਤ ਤੋਂ ਗ੍ਰਸਤ ਹੋਣ ਦੌਰਾਨ ਕੰਮ 'ਤੇ ਜਾਂ ਸਕੂਲ ਨਹੀਂ ਜਾਣਾ ਚਾਹੀਦਾ:

- ਜਿਹੜੇ ਵਿਅਕਤੀ ਭੋਜਨ ਜਾਂ ਜਲ ਪਾਨ ਤਿਆਰ ਕਰਨ ਜਾਂ ਉਨ੍ਹਾਂ ਨੂੰ ਲਿਆਉਣ-ਲਿਜਾਣ ਦਾ ਕੰਮ ਕਰਦੇ ਹਨ
- ਉਹ ਵਿਅਕਤੀ ਜਿਹੜੇ ਨੇੜਿਓਂ ਨਿਜੀ ਸੰਪਰਕ 'ਚ ਆਉਣ ਵਾਲ਼ਾ ਕੰਮ ਕਰਦੇ ਹਨ, ਜਿਵੇਂ ਬੱਚਿਆਂ ਦੀ ਸਾਂਭ ਸੰਭਾਲ ਕਰਨ ਵਾਲੇ ਜਾਂ ਸਿਹਤ ਕਾਮੇ
- ਛੂਤ ਤੋਂ ਗ੍ਰਸਤ ਹੋਣ ਦੌਰਾਨ ਸਟਾਫ਼, ਬੱਚਿਆਂ ਅਤੇ ਗਭਰੂਆਂ ਨੂੰ ਬਾਲ-ਸੰਭਾਲ ਕੇਂਦਰਾਂ ਜਾਂ ਸਕੂਲ 'ਚ ਨਹੀਂ ਜਾਣਾ ਚਾਹੀਦਾ
- ਕੰਮ ਜਾਂ ਸਕੂਲ ਪਰਤਣ ਤੋਂ ਪਹਿਲਾਂ ਸਾਰੇ ਮਰੀਜ਼ਾਂ ਨੂੰ ਆਪਣੇ ਡਾਕਟਰ ਤੋਂ ਚੈਕ ਜ਼ਰੂਰ ਕਰਵਾ ਲੈਣਾ ਚਾਹੀਦਾ ਹੈ।

## ਇਸ ਰੋਗ ਦੀ ਪਛਾਣ ਕਿਵੇਂ ਹੁੰਦੀ ਹੈ?

ਇਸ ਰੋਗ ਦਾ ਪਤਾ ਮਰੀਜ਼ ਦੇ ਲੱਛਣਾਂ ਤੋਂ ਹੀ ਲਗਦਾ ਹੈ ਅਤੇ ਖ਼ੂਨ ਦੇ ਟੈਸਟ ਰਾਹੀਂ IgM ਐਂਟੀਬਾਡੀਜ਼ (antibodies) ਦੇ ਦਰਸਾਏ ਜਾਣ ਦੁਆਰਾ ਹੈਪਾਟਾਈਟਿਸ ਏ ਹੋਣ ਦਾ ਪਤਾ ਲਗਦਾ ਹੈ।

## ਇਸ ਦਾ ਇਲਾਜ ਕਿਵੇਂ ਹੁੰਦਾ ਹੈ?

ਹੈਪੇਟਾਈਟਿਸ ਏ ਦਾ ਕੋਈ ਵਿਸ਼ੇਸ਼ ਇਲਾਜ ਨਹੀਂ ਹੈ। ਘਰ 'ਚ ਰਹਿਣ ਵਾਲ਼ੇ ਤੇ ਛੂਤਗ੍ਰਸਤ ਮਰੀਜ਼ ਦੇ ਸੰਪਰਕ 'ਚ ਆਉਣ ਵਾਲ਼ੇ ਵਿਅਕਤੀਆਂ ਅਤੇ ਜਿਨਸੀ ਭਾਈਵਾਲ਼ਾਂ ਨੂੰ ਆਮ ਤੌਰ ਉਤੇ ਇਮਯੂਨੋਗਲੋਬਿਊਲਿਨ (immunoglobulin) ਦਾ ਟੀਕਾ ਲਵਾਉਣ ਦੀ ਜ਼ਰੂਰਤ ਹੁੰਦੀ ਹੈ। ਜੇ ਛੂਤਗ੍ਰਸਤ ਵਿਅਕਤੀ ਦੇ ਸੰਪਰਕ 'ਚ ਆਉਣ ਦੇ ਦੋ ਹਫ਼ਤਿਆਂ ਅੰਦਰ ਟੀਕਾ ਲੱਗ ਜਾਵੇ ਤਾਂ ਇਹ ਬਿਮਾਰੀ ਤੋਂ ਬਚਿਆ ਜਾ ਸਕਦਾ ਹੈ ਜਾਂ ਇਸ ਦੇ ਅਸਰ ਨੂੰ ਘਟਾਇਆ ਜਾ ਸਕਦਾ ਹੈ।

## ਜਨ ਸਿਹਤ ਦਾ ਹੁੰਗਾਰਾ ਕੀ ਹੈ?

- ਡਾਕਟਰਾਂ, ਹਸਪਤਾਲਾਂ ਅਤੇ ਲੈਬਾਰਟਰੀਜ਼ ਨੂੰ ਜ਼ਰੂਰ ਹੀ ਗੁਪਤ ਤਰੀਕੇ ਨਾਲ ਹੈਪਾਟਾਈਟਿਸ ਏ ਦੀ ਛੂਤ ਦੇ ਮਾਮਲੇ ਸਥਾਨਕ ਜਨ ਸਿਹਤ ਇਕਾਈ (Public Health Unit) ਨੂੰ ਸੂਚਿਤ ਕਰਨੇ ਚਾਹੀਦੇ ਹਨ।
- ਜਨ ਸਿਹਤ ਇਕਾਈ ਦਾ ਸਟਾਫ਼ ਡਾਕਟਰ, ਮਰੀਜ਼ ਜਾਂ ਮਰੀਜ਼ ਦੇ ਪਰਿਵਾਰ ਨਾਲ ਰਲ ਕੇ ਕੰਮ ਕਰੇਗਾ ਤਾਂ ਜੋ ਇਹ ਪਤਾ ਲਾਇਆ ਜਾ ਸਕੇ ਕਿ ਛੂਤ ਦੇ ਖਤਰੇ 'ਚ ਆਉਣ ਵਾਲ਼ੇ ਨੇੜਲੇ ਸੰਪਰਕ ਵਿਅਕਤੀ ਕਿਹੜੇ ਹਨ ਅਤੇ ਉਨ੍ਹਾਂ ਨੂੰ ਰੋਗ ਬਾਰੇ ਜਾਣਕਾਰੀ ਦੇਣ ਦੀ ਵਿਵਸਥਾ ਕਰੇਗਾ। ਜਨ ਸਿਹਤ ਯੂਨਿਟ ਦਾ ਸਟਾਫ਼ ਉਨ੍ਹਾਂ ਵਿਅਕਤੀਆਂ 'ਚ ਹੈਪਾਈਟਿਸ ਏ ਦੇ ਮਾਮਲਿਆਂ ਨਾਲ ਸਿੱਝਣ ਲਈ ਵਿਸ਼ੇਸ਼ ਨਿਰਦੇਸ਼ਾਂ ਦੀ ਪਾਲਣਾ ਕਰਦਾ ਹੈ ਜਿਹੜੇ ਬਾਲ ਸੰਭਾਲ ਕੇਂਦਰ 'ਚ ਜਾਂਦੇ ਹਨ ਜਾਂ ਉਥੇ ਕੰਮ ਕਰਦੇ ਹਨ, ਅਤੇ ਜਾਂ ਜਿਹੜੇ ਵਿਅਕਤੀ ਵਿਕਰੀ ਲਈ ਭੋਜਨ ਵਰਤਾਉਂਦੇ ਹਨ।

ਜਨ ਸਿਹਤ ਇਕਾਈ ਦਾ ਸਟਾਫ਼ ਵੀ ਹੈਪਾਟਾਈਟਿਸ ਏ ਦੇ ਫੈਲਣ ਦੇ ਕਾਰਣਾਂ ਦੀ ਜਾਂਚ ਕਰਦਾ ਹੈ, ਤਾਂ ਜੋ ਇਸ ਦੇ ਫੈਲਣ ਦੀ ਪਛਾਣ ਕੀਤੀ ਜਾ ਸਕੇ, ਇਸ ਦੇ ਫੈਲਾਅ ਤੇ ਕਾਬੂ ਪਾਇਆ ਜਾ ਸਕੇ ਅਤੇ ਹੋਰ ਛੂਤ ਫੈਲਣ ਤੋਂ ਬਚਾਅ ਕੀਤਾ ਜਾ ਸਕੇ।

## ਹੋਰ ਜਾਣਕਾਰੀ – NSW ਵਿੱਚ ਜਨ ਸਿਹਤ ਇਕਾਈਆਂ



**1300 066 055**

**www.health.nsw.gov.au**